ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
CONTACT RAJ : 021874730, 021874702, 0800 253 2687
www.redcleaning.co.nz

07 May 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਪੋਪਕੋਨ ਵੇਚਣ ਵਾਲੇ ਪਾਕਿਸਤਾਨੀ ਨੇ ਜੁਗਾੜ ਨਾਲ ਬਣਾਇਆ ਜਹਾਜ਼

**ਫਿਆਜ਼ ਨੇ ਹਾਈ-ਫਾਈ ਚੀਜ਼ਾਂ ਨਹੀਂ ਸਗੋਂ ਰੋਡ ਕਟਰ ਦੇ ਇੰਜਨ ਤੇ ਰਿਕਸ਼ੇ ਦੇ ਟਾਇਰਾਂ ਨਾਲ ਜਹਾਜ਼ ਬਣਾਉਣ ਦਾ ਕਾਰਨਾਮਾ ਕੀਤਾ ਹੈ। ਫਿਆਜ਼ ਆਮ ਜਿਹਾ ਇਨਸਾਨ ਹੈ ਜਿਸ ਦੀ ਸਿੱਖਿਆ ਵੀ ਨਾ ਦੇ ਬਰਾਬਰ ਹੀ ਹੈ ਪਰ ਉਹ ਮੌਕਿਆਂ ਲਈ ਸੰਘਰਸ਼ ਕਰਦਾ ਹੈ। ਇਸੇ ਕਰਕੇ ਉਸ ਨੇ ਪਾਕਿਸਤਾਨੀ ਆਵਾਮ ਦਾ ਦਿਲ ਜਿੱਤ ਲਿਆ ਹੈ।**

ਤਾਬੁਰ: ਇਨ੍ਹੀਂ ਦਿਨੀਂ ਪਾਕਿਸਤਾਨ 'ਚ ਇੱਕ ਮੱਕੀ ਦੇ ਫੁੱਲੇ (ਪੌਪਕੋਨ) ਵੇਚਣ ਵਾਲੇ ਦੀ ਖੂਬ ਚਰਚਾ ਹੋ ਰਹੀ ਹੈ। ਉਸ ਦੇ ਸੁਰਖੀਆਂ 'ਚ ਆਉਣ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਪਾਕਿਸਤਾਨੀ ਏਅਰਫੋਰਸ ਵੀ ਉਸ ਦੀਆਂ ਖੂਬ ਤਾਰੀਫਾਂ ਕਰ ਰਹੀ ਹੈ। ਜੀ ਹਾਂ, ਅਸੀਂ ਗੱਲ ਕਰ ਰਹੇ ਹਾਂ ਮੁਹੰਮਦ ਫਿਆਜ਼ ਦੀ ਜਿਸ ਨੇ ਖੁਦ ਲਈ ਜਹਾਜ਼ ਬਣਾਇਆ ਹੈ ਤੇ ਉਹ ਵੀ ਮਾਮੂਲੀ ਚੀਜ਼ਾਂ ਨਾਲ।ਫਿਆਜ਼ ਨੇ ਹਾਈ-ਫਾਈ ਚੀਜ਼ਾਂ ਨਹੀਂ ਸਗੋਂ ਰੋਡ ਕਟਰ ਦੇ ਇੰਜਨ ਤੇ ਰਿਕਸ਼ੇ ਦੇ ਟਾਇਰਾਂ ਨਾਲ ਜਹਾਜ਼ ਬਣਾਉਣ ਦਾ ਕਾਰਨਾਮਾ ਕੀਤਾ ਹੈ। ਫਿਆਜ਼ ਆਮ ਜਿਹਾ ਇਨਸਾਨ ਹੈ ਜਿਸ ਦੀ ਸਿੱਖਿਆ ਵੀ ਨਾ ਦੇ ਬਰਾਬਰ ਹੀ ਹੈ ਪਰ ਉਹ ਮੌਕਿਆਂ ਲਈ ਸੰਘਰਸ਼ ਕਰਦਾ ਹੈ। ਇਸੇ ਕਰਕੇ ਉਸ ਨੇ ਪਾਕਿਸਤਾਨੀ ਆਵਾਮ ਦਾ ਦਿਲ ਜਿੱਤ ਲਿਆ ਹੈ।ਆਨਲਾਈਨ ਬਲੂਪ੍ਰਿੰਟ ਤੇ ਟੀਵੀ 'ਚ ਵੀਡੀਓ ਦੇਖ ਜਹਾਜ਼ ਨੂੰ ਬਣਾਉਣ ਵਾਲੇ ਫਿਆਜ਼ ਦਾ ਕਹਿਣਾ ਹੈ, ਜਦੋਂ ਮੈਂ ਆਪਣਾ ਬਣਾਇਆ ਹੋਇਆ ਜਹਾਜ਼ ਪਹਿਲੀ ਵਾਰ ਉਡਾਇਆ ਤਾਂ ਮੈਂ ਸੱਚ 'ਚ ਹੀ ਹਵਾ 'ਚ ਉੱਡ ਰਿਹਾ ਸੀ। ਇਸ ਤੋਂ ਇਲਾਵਾ ਮੈਨੂੰ ਕੁਝ ਮਹਿਸੂਸ ਨਹੀਂ ਹੋਇਆ। ਫਿਆਜ਼ ਦਾ ਦਾਅਵਾ ਹੈ ਕਿ ਉਸ ਨੇ ਜਹਾਜ਼ ਉਡਾਇਆ ਤੇ ਏਅਰਫੋਰਸ ਨੇ ਉਸ ਦੇ ਦਾਅਵੇ ਨੂੰ ਗੰਭੀਰਤਾ ਨਾਲ ਵੀ ਲਿਆ ਹੈ। ਉਸ ਮੁਤਾਬਕ ਏਅਰ ਫੋਰਸ ਦੇ ਲੋਕ ਕਈ ਵਾਰ ਉਸ ਨੂੰ ਮਿਲਣ ਆ ਚੁੱਕੇ ਹਨ। ਉਸ ਦੇ ਕੰਮ ਦੀ ਸਰਾਹਨਾ ਕਰਦੇ ਹੋਏ ਉਸ ਨੂੰ ਸਰਟੀਫਿਕੇਟ ਵੀ ਜਾਰੀ ਕੀਤਾ ਗਿਆ।



# ਵਲਿੰਗਟਨ 'ਚ ਇੱਕ ਕਾਊਂਸਿਲ ਪੂਲ 'ਚ ਔਰਤ ਵੱਲੋਂ ਬੱਚੇ ਨੂੰ ਦੁੱਧ ਪਿਆਉਣ 'ਤੇ ਬਾਹਰ ਕੱਢਿਆ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ ਦੀ ਇੱਕ ਔਰਤ ਦਾ ਕਹਿਣਾ ਹੈ ਕਿ ਵਲਿੰਗਟਨ ਸਥਿਤ ਇੱਕ ਕਾਊਂਸਿਲ ਪੂਲ ਵਿੱਚੋਂ ਇਸ ਲਈ ਬਾਹਰ ਜਾਣ ਲਈ ਕਿਹਾ ਗਿਆ ਕਿਉਂਕਿ ਉਹ ਉੱਥੇ ਆਪਣੇ ਬੱਚੇ ਨੂੰ ਦੁੱਧ ਪਿਆ ਰਹੀ ਸੀ। Rebecca Robertson ਨਾਮ ਦੀ ਮਹਿਲਾ ਦਾ ਕਹਿਣਾ ਹੈ ਕਿ ਐਕਵਾਟਿਕ ਸੈਂਟਰ ਦੇ ਇੱਕ ਸਟਾਫ ਮੈਂਬਰ ਨੇ ਆ ਕੇ ਉਸ ਨੂੰ ਬਾਹਰ ਜਾਣ ਲਈ ਕਿਹਾ ਕਿਉਂਕਿ ਉਹ ਉੱਥੇ ਆਪਣੇ ਛੋਟੇ ਬੱਚੇ ਨੂੰ ਦੁੱਧ ਚੁੰਘਾ ਰਹੀ ਸੀ। ਉਸ ਨੇ ਕਿਹਾ ਕਿ ਮੇਰੇ ਲਈ ਇਹ ਇੱਕ ਹੈਰਾਨੀ ਭਰੀ ਗੱਲ ਹੈ। ਉਸ ਨੇ ਕਿਹਾ ਕਿ ਲਾਈਫਗਾਰਡ ਔਰਤ ਨੇ ਉਸ ਨੂੰ ਕਿਹਾ ਕਿ ਮੈਨੂੰ ਇਸ ਦਾ ਖੇਦ ਹੈ ਪਰ ਤੁਸੀਨ ਇੱਥੇ ਅਜਿਹਾ ਨਹੀਂ ਕਰ ਸਕਦੇ। ਇੱਕ ਹੋਰ ਮੈਂਬਰ ਦਾ ਕਹਿਣਾ ਸੀ ਕਿ ਬੱਚਾ ਪੂਲ ਵਿੱਚ ਪਿਸਾਬ ਕਰ ਸਕਦਾ ਹੈ ਜੋ ਕਿ ਪੂਲ ਦੇ ਨਿਯਮਾਂ ਲਈ ਸਹੀ ਨਹੀਂ ਹੈ। ਪੂਲ ਦੇ ਸਟਾਫ ਦਾ ਕਹਿਣਾ ਹੈ ਕਿ ਜਿਸ ਨੂੰ ਪੂਲ ਵਿੱਚ ਕੁੱਝ ਖਾਂਦੇ ਜਾਂ ਪੀਂਦੇ ਦੇਖਿਆ ਜਾਂਦਾ ਹੈ ਤਾਂ ਉਸ ਨੂੰ ਪੂਲ ਛੱਡਣ ਲਈ ਕਿਹਾ ਜਾਂਦਾ ਹੈ ਇਹ ਸਾਡੇ ਪੂਲ ਨਿਯਮਾਂ ਦਾ ਇੱਕ ਹਿੱਸਾ ਹੈ। ਉਨਹਾਂ ਕਿਹਾ ਕਿ ਉਹ ਬੱਚੇ ਨੂੰ ਦੁੱਧ ਪਿਆਉਣ ਦਾ ਸਵਾਗਤ ਕਰਦੇ ਹਨ ਪਰ ਉਸ ਲਈ ਮਾਤਾ-ਪਿਤਾ ਨੂੰ ਕੁੱਝ ਨਿਯਮਾਂ ਦਾ ਪਾਲਣ ਕਰਨਾ ਪਵੇਗਾ ਜਿਸ ਤਰਾਂ ਕਿ ਪੂਲ ਤੋਂ ਦੂਰ ਬੈਠ ਕੇ ਦੁੱਧ ਪਿਆਇਆ ਜਾ ਸਕਦਾ ਹੈ।

# New Plymouth 'ਚੋਂ ਲਾਪਤਾ ਬਜ਼ੁਰਗ ਨੂੰ ਲੱਭਣ ਲਈ ਪੁਲਿਸ ਨੇ ਲੋਕਾਂ ਨੂੰ ਕੀਤੀ ਅਪੀਲ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਪੁਲਿਸ ਨੇ ਅੱਜ ਆਪਣੇ ਘਰ 'ਚੋਂ ਲਾਪਤਾ ਇੱਕ ਬਜ਼ੁਰਗ ਨੂੰ ਲੱਭਣ ਵਿੱਚ ਲੋਕਾਂ ਦੀ ਮਦਦ ਮੰਗੀ ਹੈ। 76 ਸਾਲਾ ਇਹ ਬਜ਼ੁਰਗ ਆਪਣੇ ਘਰ ਤੋਂ ਲਾਪਤਾ ਹੈ। ਇਹ ਬਜ਼ੁਰਗ ਦੁਪਹਿਰ 12 ਵਜੇ ਤੱਕ ਆਪਣੇ ਘਰ ਵਿੱਚ ਸੀ ਪਰ ਬਾਅਦ ਵਿੱਚ ਉਹ ਲਾਪਤਾ ਹੋ ਗਿਆ ਹੈ।ਪੁਲਿਸ ਦਾ ਕਹਿਣਾ ਹੈ ਕਿ ਬਜ਼ੁਰਗ ਪੈਦਲ ਹੀ ਕਿਤੇ ਚਲਾ ਗਿਆ ਹੈ। ਬਜ਼ੁਰਗ ਅਕਸਰ ਹੀ ਪੈਦਲ ਤੁਰਦਾ ਵੇਖਿਆ ਜਾਂਦਾ ਹੈ। ਬਜ਼ੁਰਗ ਦੀ ਲੰਬਾਈ 175cm ਦੇ ਆਸਪਾਸ ਹੈ ਅਤੇ ਉਸ ਦੇ ਗਹਿਰੇ ਭੂਰੇ ਰੰਗ ਦੇ ਵਾਲ਼ ਹਨ। ਉਹ ਅਕਸਰ ਕਾਲੇ ਰੰਗ ਦੇ ਜੁੱਤੇ ਪਾਉਂਦਾ ਸੀ। ਇਹ ਬਜ਼ੁਰਗ Alzheimers ਤੋਂ ਪੀੜਿਤ ਹੈ। ਪੁਲਿਸ ਦਾ ਕਹਿਣਾ ਹੈ ਕਿ ਜੇ ਕਿਸੇ ਕੋਲ ਇਸ ਵਿਅਕਤੀ ਸਬੰਧੀ ਕੋਈ ਜਾਕਣਾਰੀ ਹੋਵੇ ਤਾਂ ਉਹ 111 'ਤੇ ਕਾਲ ਕਰਕੇ ਪੁਲਿਸ ਨੂੰ ਜਾਣਕਾਰੀ ਦੇ ਸਕਦਾ ਹੈ।

# ਫੇਸਬੁਕ 'ਤੇ ਸਾਬਕਾ ਕਰਮਚਾਰੀ ਨੂੰ ਗਲਤ ਕੁਮੈਂਟ ਕਰਨ 'ਤੇ ਭਾਰਤੀ ਨੂੰ ਜੁਰਮਾਨਾ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਸੋਸ਼ਲ ਮੀਡੀਆ 'ਤੇ ਅਕਸਰ ਲੋਕ ਇੱਕ ਦੂਜੇ ਨਾਲ ਲੜਦੇ-ਝਗੜਦੇ ਵੇਖੇ ਜਾਂ ਸਕਦੇ ਹਨ। ਇੱਕ ਦੂਜੇ ਦੀਆਂ ਪੋਸਟਾਂ 'ਤੇ ਗਲਤ ਕੁਮੈਂਟ ਅਕਸਰ ਹੀ ਲੜਾਈ ਦਾ ਕਾਰਨ ਬਣਦੇ ਹਨ। ਨਿਊਜੀਲੈਂਡ 'ਚ ਰੈਂਗੀਓਰਾ ਨਾਮ ਦੀ ਕੰਪਨੀ ਨੂੰ ਆਪਣੇ ਇੱਕ ਸਾਬਕਾ ਕਰਮਚਾਰੀ ਨੂੰ ਭੱਦੀ ਸ਼ਬਦਾਵਲੀ 'ਚ ਕੁਮੈਂਟ ਕਰਨ 'ਤੇ 3000 ਡਾਲਰ ਅਦਾ ਕਰਨ ਦੇ ਹੁਕਮ ਦਿੱਤੇ ਗਏ ਹਨ। ਮੁਲਾਜਮ ਨੇ ਨਵੰਬਟ ਮਹੀਨੇ ਵਿੱਚ ਕੰਪਨੀ ਛੱਡ ਦਿੱਤੀ ਸੀ, ਪਰ ਫੇਸਬੁਕ 'ਤੇ ਉਸ ਨੂੰ ਕੰਪਨੀ ਵੱਲੋਂ ਗਲਤ ਕੁਮੈਂਟ ਕੀਤਾ ਗਿਆ ਸੀ। ਜਿਸ ਕਾਰਨ ਮਾਮਲਾ ਏਰਾ ਵਿੱਚ ਪੁੱਜਾ ਸੀ। ਹਾਲਾਂਕਿ ਕੰਪਨੀ ਦੇ ਮਾਲਕ ਵੱਲੋਂ ਇਹ ਕਿਹਾ ਗਿਆ ਕਿ ਗਲਤ ਕੁਮੈਂਟ ਕੰਪਨੀ ਦੇ ਇੱਕ ਮੁਲਾਜਮ ਨੇ ਕੀਤਾ ਹੈ। ਪਰ ਏਰਾ ਇਸ ਜਵਾਬ ਨਾਲ ਸੰਤੁਸਟ ਨਹੀਂ ਹੋਈ ਅਤੇ ਉਸ ਨੇ ਕੰਪਨੀ ਨੂੰ ਜੁਰਮਾਨਾ ਠੋਕ ਦਿੱਤਾ।ਜਿਕਰਯੋਗ ਹੈ ਕਿ ਇਹ ਕੰਪਨੀ ਭਾਰਤੀ ਮੂਲ ਦੇ ਕਾਰੋਬਾਰੀ ਦੀ ਹੈ।



# ਪਾਕਿਸਤਾਨੀ ਮੰਤਰੀ ਸੋਸ਼ਲ ਮੀਡੀਆ ਤੇ ਹੋਏ ਟ੍ਰੋਲ, ਲੋਕਾਂ ਨੇ ਖੂਬ ਉਡਾਇਆ ਮਖੌਲ

ਇਸਲਾਮਾਬਾਦ - ਪਾਕਿਸਤਾਨ ਦੇ ਸਾਈਂਸ ਐਂਡ ਟੈਕਨਾਲੋਜੀ ਮਿਨਿਸਟਰ ਆਪਣੇ ਇਕ ਬਿਆਨ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਕਾਫੀ ਟਰੋਲ ਕੀਤੇ ਜਾ ਰਹੇ ਹਨ। ਪਾਕਿਸਤਾਨ ਦੇ ਲੋਕ ਵੀ ਉਨ੍ਹਾਂ ਨੂੰ ਕਾਫੀ ਸੁਣਾ ਰਹੇ ਹਨ। ਦਰਅਸਲ, ਜਿਓ ਨਿਊਜ਼ ਦੇ ਪ੍ਰੋਗਰਾਮ 'ਨਵਾਂ ਪਾਕਿਸਤਾਨ' ਵਿਚ ਆਪਣੇ ਦੇਸ਼ ਵਲੋਂ ਕਰਦੇ ਹੋਏ ਫਵਾਦ ਚੌਧਰੀ ਇਹ ਵੀ ਕਹਿ ਗਏ ਕਿ ਹੱਬਲ ਸਪੇਸ ਟੈਲੀਸਕੋਪ ਨੂੰ ਪਾਕਿਸਤਾਨ ਦੀ ਐਰੋਨੌਟਿਕਸ ਐਂਡ ਏਅਰੋਸਪੇਸ ਰਿਸਰਚ ਏਜੰਸੀ ਨੇ ਸਪੇਸ ਵਿਚ ਭੇਜਿਆ ਹੈ। ਸੱਚਾਈ ਇਹ ਹੈ ਕਿ ਹੱਬਲ ਟੈਲੀਸਕੋਪ ਨੂੰ ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਭੇਜਿਆ ਹੈ। ਇਹ ਪ੍ਰੋਗਰਾਮ ਪ੍ਰਸਾਰਤ ਹੁੰਦੇ ਹੀ ਟਵਿੱਟਰ 'ਤੇ ਪਾਕਿਸਤਾਨ ਦੇ ਸਾਈਂਸ ਮਿਨੀਸਟਰ ਟ੍ਰੋਲ ਹੋ ਗਏ। ਦਰਅਸਲ ਸਪੇਸ ਤੋਂ ਨਿਗਰਾਨੀ ਲਈ ਟੈਕਨਾਲੋਜੀ ਦੀ ਵਰਤੋਂ 'ਤੇ ਐਂਕਰ ਨੇ ਸਵਾਲ ਪੁੱਛਿਆ ਤਾਂ ਪਾਕਿ ਮੰਤਰੀ ਨੇ ਸਮਝਾਉਂਦੇ ਹੋਏ ਕਿਹਾ ਕਿ ਦੇਖਣ ਵਿਚ ਮੁਸ਼ਕਲ ਹੈ। ਇਕ ਤਰੀਕਾ ਇਹ ਹੈ ਕਿ ਤੁਸੀਂ ਇਕ ਦੂਰਬੀਨ ਲਗਾਈ ਜੋ 50,60,70 ਜਾਂ ਸ਼ਾਇਦ 100 ਸਾਲ ਪੁਰਾਣੀ ਟੈਕਨਾਲੋਜੀ ਹੈ। ਇਕ ਦੇਖਣ ਦਾ ਤਰੀਕਾ ਦੂਰਬੀਨ ਹੱਬਲ ਹੈ ਜੋ ਦੁਨੀਆ ਦੀ ਸਭ ਤੋਂ ਵੱਡੀ ਦੂਰਬੀਨ ਹੈ ਜੋ ਸੁਪਾਰਕੋ ਨੇ ਭੇਜੀ ਹੋਈ ਹੈ, ਜੋ ਸੈਟੇਲਾਈਟ ਵਿਚ ਉਥੇ ਲੱਗੀ ਹੋਈ ਹੈ। ਫਿਰ ਸੈਟੇਲਾਈਟ ਹੈ ਅਤੇ ਫਿਰ ਹੋਰ ਟੈਕਨਾਲੋਜੀ ਹੈ ਜੋ ਤੁਸੀਂ ਯੂਜ਼ ਕਰਦੇ ਹੋ।ਪਾਕਿ ਮੰਤਰੀ ਜਦੋਂ ਇਹ ਦਾਅਵਾ ਕਰ ਰਹੇ ਸਨ ਤਾਂ ਨਿਊਜ਼ ਐਂਕਰ ਵੀ ਕਾਫੀ ਹੈਰਾਨੀ ਨਾਲ ਉਨ੍ਹਾਂ ਵੱਲ ਵੇਖ ਰਹੇ ਸਨ। ਬਾਅਦ ਵਿਚ 31 ਸੈਕਿੰਡ ਦੀ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਅੱਗ ਵਾਂਗ ਵਾਇਰਲ ਹੋ ਗਈ ਅਤੇ ਪਾਕਿ ਮੰਤਰੀ ਦੇ ਇਸ ਝੂਠੇ ਦਾਅਵੇ 'ਤੇ ਲੋਕ ਉਨ੍ਹਾਂ ਨੂੰ ਟ੍ਰੋਲ ਕਰਨ ਲੱਗੇ। ਉਨ੍ਹਾਂ 'ਤੇ ਮੀਮਸ ਵੀ ਬਣ ਰਹੇ ਹਨ। ਇਕ ਟਵਿੱਟਰ ਯੂਜ਼ਰ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਫਵਾਦ ਚੌਧਰੀ ਨੂੰ ਹੁਣ ਸਾਈਂਸ ਐਂਡ ਟੈਕਨਾਲੋਜੀ ਦਾ ਨੋਬੇਲ ਪੁਰਸਕਾਰ ਦੇ ਹੀ ਦੇਣਾ ਚਾਹੀਦਾ ਹੈ। ਤੁਹਾਨੂੰ ਦੱਸ ਦਈਏ ਕਿ ਹੱਬਲ ਟੈਲੀਸਕੋਪ ਨੂੰ 1990 ਵਿਚ ਸਪੇਸ ਵਿਚ ਭੇਜਿਆ ਗਿਆ ਸੀ ਅਤੇ ਇਹ ਹੁਣ ਵੀ ਆਪ੍ਰੇਸ਼ਨ ਵਿਚ ਹਨ। ਇਸ ਨੂੰ ਅਮਰੀਕੀ ਸਪੇਸ ਏਜੰਸੀ ਨਾਸਾ ਨੇ ਯੂਰਪੀਅਨ ਸਪੇਸ ਏਜੰਸੀ ਦੀ ਮਦਦ ਨਾਲ ਬਣਾਇਆ ਸੀ।

ਇਕ ਯੂਜ਼ਰ ਨੇ ਟਵੀਟ ਕੀਤਾ ਹੋ ਸਕਦਾ ਹੈ ਕਿ ਨਾਸਾ ਮੁਖੀ ਅਸਤੀਫਾ ਦੇ ਦੇਣ ਅਤੇ ਫਵਾਦ ਚੌਧਰੀ ਦੇ ਮੰਤਰਾਲੇ ਵਿਚ ਸੁਪਾਰਕੋ ਦੇ ਮੁਖੀ ਵਜੋਂ ਸ਼ਾਮਲ ਵੀ ਹੋ ਜਾਣ। ਦੂਜੇ ਯੂਜ਼ਰ ਨੇ ਟਵੀਟ ਕੀਤਾ, ਤੁਸੀਂ ਸਚਮੁਚ ਆਪਣੇ ਸਾਰੇ ਪੂਰਬ ਵਰਤੀਆਂ ਨੂੰ ਪਿੱਛੇ ਛੱਡ ਦਿੱਤਾ ਹੈ। ਮਿਸਟਰ ਪ੍ਰਧਾਨ ਮੰਤਰੀ ਇਮਰਾਨ ਨੂੰ ਚਾਹੀਦਾ ਹੈ ਕਿ ਅਜਿਹੇ ਆਵਿਸ਼ਕਾਰਕਾਂ ਨੂੰ ਇਨਾਮ ਵਜੋਂ ਪੁਲਾੜ ਵਿਚ ਭੇਜਣ। ਦਿਲਚਸਪ ਗੱਲ ਇਹ ਹੈ ਕਿ ਚੌਧਰੀ ਨੇ ਪਿਛਲੇ ਸਾਲ ਨਵੰਬਰ ਵਿਚ ਕਿਹਾ ਸੀ ਕਿ ਧਰਤੀ 'ਤੇ ਹੰਗਾਮਾ ਕਰਨ ਵਾਲੇ ਕੁਝ ਰਾਜਨੀਤਕ ਹਨ ਜਿਨ੍ਹਾਂ ਨੂੰ ਪੁਲਾੜ ਵਿਚ ਭੇਜ ਦੇਣਾ ਚਾਹੀਦਾ ਹੈ। ਉਦੋਂ ਚੌਧਰੀ ਸੂਚਨਾ ਮੰਤਰੀ ਸਨ। ਉਨ੍ਹਾਂ ਨੇ ਅੱਗੇ ਕਿਹਾ ਸੀ ਕਿ ਮੈਂ ਸੁਪਾਰਕੋ ਤੋਂ ਇਹ ਯਕੀਨੀ ਕਰਨ ਲਈ ਕਹਾਂਗਾ ਕਿ ਇਕ ਵਾਰ ਪੁਲਾੜ ਵਿਚ ਜਾਣ ਤੋਂ ਬਾਅਦ ਇਹ ਰਾਜਨੀਤਕ ਵਾਪਸ ਨਾ ਆ ਸਕਣ।

# ਨਾਬਾਲਗ ਪਤਨੀ ਬਾਲਗ ਹੋਣ ਤੇ ਪਤੀ ਨਾਲ ਰਹਿਣਾ ਚਾਹੇ ਤਾਂ ਵਿਆਹ ਕਾਨੂੰਨੀ : ਬੰਬੇ ਹਾਈ ਕੋਰਟ

ਮੁੰਬਈ— ਬੰਬੇ ਹਾਈ ਕੋਰਟ ਨੇ ਕਿਹਾ ਹੈ ਕਿ ਜੇਕਰ ਕਿਸੇ ਨਾਬਾਲਗ ਲੜਕੀ ਦਾ ਵਿਆਹ ਕਰ ਦਿੱਤਾ ਜਾਂਦਾ ਹੈ ਅਤੇ 18 ਸਾਲ ਦੀ ਉਮਰ ਹੋਣ ਤੋਂ ਬਾਅਦ ਉਹ ਆਪਣੇ ਪਤੀ ਨਾਲ ਰਹਿਣਾ ਚਾਹੁੰਦੀ ਹੈ ਤੇ ਉਹ ਵਿਆਹ ਕਾਨੂੰਨੀ ਮੰਨਿਆ ਜਾਵੇਗਾ। ਹਾਈ ਕੋਰਟ ਨੇ 56 ਸਾਲ ਦੇ ਇਕ ਵਕੀਲ ਦੀ ਨਾਬਾਲਗ ਨਾਲ ਵਿਆਹ ਨੂੰ ਕਾਨੂੰਨੀ ਦੱਸਿਆ, ਲੜਕੀ ਨੇ ਬਾਲਗ ਹੋਣ ਤੋਂ ਬਾਅਦ ਉਸ ਦੇ ਨਾਲ ਰਹਿਣ ਦੀ ਇੱਛਾ ਜ਼ਾਹਿਰ ਕੀਤੀ ਸੀ। ਜਸਟਿਸ ਰੰਜੀਤ ਮੋਰੇ ਤੇ ਜਸਟਿਸ ਭਾਰਤੀ ਡਾਂਗਰੇ ਦੀ ਬੈਂਚ ਨੇ ਪਿਛਲੇ ਹਫਤੇ ਦੋਸ਼ੀ ਵਕੀਲ ਦੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਇਹ ਫੈਸਲਾ ਦਿੱਤਾ। 2014 'ਚ 52 ਸਾਲ ਦੇ ਵਕੀਲ ਦਾ ਵਿਆਹ 14 ਸਾਲ ਦੀ ਸ਼ਿਕਾਇਤ ਕਰਤਾ ਨਾਲ ਹੋਈ ਸੀ। ਲੜਕੀ ਨੇ ਦੋਸ਼ ਲਗਾਇਆ ਸੀ ਕਿ ਉਸ ਦੇ ਦਾਦਾ-ਦਾਦੀ ਨੇ ਜ਼ਬਰਦਸਤੀ ਉਸ ਦਾ ਵਿਆਹ ਕਰਵਾ ਦਿੱਤਾ ਸੀ। ਉਸ ਦੀ ਸ਼ਿਕਾਇਤ 'ਤੇ ਵਕੀਲ ਨੂੰ ਪਾਕਸੋ ਕਾਨੂੰਨ ਦੇ ਤਹਿਤ ਗ੍ਰਿਫਤਾਰ ਕਰ ਜੇਲ ਭੇਜ ਦਿੱਤਾ ਗਿਆ ਸੀ। 10 ਮਹੀਨੇ ਬਾਅਦ ਉਹ ਜ਼ਮਾਨਤ 'ਤੇ ਰਿਹਾਅ ਹੋਇਆ। ਵਕੀਲ ਨੇ ਆਪਣੀ ਪਟੀਸ਼ਨ 'ਚ ਰੇਪ ਦੇ ਕੇਸ ਨੂੰ ਖਤਮ ਕਰਨ ਦੀ ਮੰਗ ਕੀਤੀ ਹੈ। ਪਿਛਲੇ ਸਾਲ ਸਤੰਬਰ 'ਚ 18 ਸਾਲ ਦੀ ਹੋਣ ਵਾਲੀ ਸ਼ਿਕਾਇਤ ਕਰਤਾ ਨੇ ਪਿਛਲੇ ਹਫਤੇ ਹਾਈ ਕੋਰਟ 'ਚ ਹਲਫਨਾਮਾ ਦਾਖਲ ਕਰ ਕਿਹਾ ਕਿ ਉਹ ਹੁਣ ਆਪਣੇ ਪਤੀ ਨਾਲ ਰਹਿਣਾ ਚਾਹੁੰਦੀ ਹੈ ਅਤੇ ਕੇਸ ਖਤਮ ਕੀਤਾ ਜਾਂਦਾ ਹੈ ਤਾਂ ਉਸ ਨੂੰ ਕੋਈ ਇਤਰਾਜ ਨਹੀਂ ਹੈ। ਬੈਂਚ ਨੇ 2 ਮਈ ਨੂੰ ਦਿੱਤੇ ਆਪਣੇ ਆਦੇਸ਼ 'ਚ ਕਿਹਾ ਕਿ ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਜਦੋਂ ਵਿਆਹ ਹੋਇਆ ਸੀ ਉਦੋਂ ਮਹਿਲਾ ਨਾਬਾਲਗ ਸੀ ਪਰ ਹੁਣ ਉਹ ਬਾਲਗ ਹੈ ਤੇ ਆਪਣੇ ਪਤੀ ਨਾਲ ਰਹਿਣਾ ਚਾਹੁੰਦੀ ਹੈ ਇਸ ਲਈ ਉਨ੍ਹਾਂ ਦਾ ਵਿਆਹ ਨਾ ਦੇ ਬਰਾਬਰ ਹੁੰਦੇ ਹੋਏ ਵੀ ਕਾਨੂੰਨੀ ਹੋ ਜਾਂਦੀ ਹੈ।

# ਬ੍ਰਿਟੇਨ ਦੇ ਸ਼ਾਹੀ ਪਰਿਵਾਰ ਚ ਆਇਆ ਨੰਨ੍ਹਾ ਮਹਿਮਾਨ, ਮੇਘਨ ਨੇ ਦਿੱਤਾ ਪੁੱਤਰ ਨੂੰ ਜਨਮ

ਲੰਡਨ - ਬ੍ਰਿਟੇਨ ਦੇ ਸ਼ਾਹੀ ਪਰਿਵਾਰ ਵਿਚ ਖੁਸ਼ੀਆਂ ਦੀ ਘੰਟੀ ਵੱਜ ਗਈ ਹੈ। ਰਾਜਕੁਮਾਰ ਹੈਰੀ ਦੀ ਪਤਨੀ ਮੇਘਨ ਨੇ ਇਕ ਬੱਚੇ ਨੂੰ ਜਨਮ ਦਿੱਤਾ ਹੈ। ਸੋਸ਼ਲ ਮੀਡੀਆ 'ਤੇ ਇਹ ਖਬਰ ਅੱਗ ਵਾਂਗ ਫੈਲ ਰਹੀ ਹੈ। ਸੋਸ਼ਲ ਮੀਡੀਆ 'ਤੇ ਇਕ ਪੋਸਟ ਸ਼ੇਅਰ ਕੀਤੀ ਜਾ ਰਹੀ ਹੈ, ਜਿਸ ਵਿਚ ਲਿਖਿਆ ਹੈ, 'ਇਟਸ ਅ ਬੁਆਏ'। ਦੱਸਣਯੋਗ ਹੈ ਕਿ ਮੇਘਨ ਮਰਕਲ ਦੇ ਗਰਭਵਤੀ ਹੋਣ ਦਾ ਐਲਾਨ ਪਿਛਲੇ ਸਾਲ ਅਕਤੂਬਰ ਵਿਚ ਕੀਤਾ ਗਿਆ ਸੀ। ਉਨ੍ਹਾਂ ਦਾ ਸ਼ਾਹੀ ਵਿਆਹ ਮਈ 2018 ਵਿਚ ਹੋਇਆ ਸੀ। ਮਾਰਕਲ ਅਤੇ ਪ੍ਰਿੰਸ ਹੈਰੀ ਨੇ ਆਪਣੇ ਬੱਚੇ ਦੇ ਜਨਮ ਦੀ ਯੋਜਨਾ ਨੂੰ ਗੁਪਤ ਰੱਖਣ ਦਾ ਫੈਸਲਾ ਕੀਤਾ ਸੀ। ਬਾਅਦ ਵਿਚ ਅਪ੍ਰੈਲ ਵਿਚ ਉਨ੍ਹਾਂ ਨੇ ਐਲਾਨ ਕੀਤਾ ਕਿ ਉਨ੍ਹਾਂ ਦੇ ਪਰਿਵਾਰ ਵਿਚ ਬੱਚੇ ਦੇ ਜਨਮ ਦਾ ਉਤਸਵ ਮਨਾਇਆ ਜਾਵੇਗਾ, ਇਹ ਖਬਰ ਹਰ ਪਾਸੇ ਫੈਲ ਗਈ। ਫਰਵਰੀ ਵਿਚ ਹੈਰੀ ਅਤੇ ਮੇਘਨ ਮੋਰੱਕੋ ਦੀ ਯਾਤਰਾ 'ਤੇ ਗਏ ਸਨ। ਇਹ ਯਾਤਰਾ ਉਨ੍ਹਾਂ ਦੇ ਬੱਚੇ ਦੇ ਜਨਮ ਦੇ ਪਹਿਲੇ ਬ੍ਰਿਟੇਨ ਦੇ ਬਾਹਰ ਆਖਰੀ ਅਧਿਕਾਰਤ ਯਾਤਰਾ ਸੀ।

